Punjabi | ਪੰਜਾਬੀ

# ਤਰਜੀਹੀ ਪ੍ਰਾਇਮਰੀ ਸੰਭਾਲ ਕੇਂਦਰ (ਕੇਅਰ ਸੈਂਟਰ)

## ਕੀ ਤੁਹਾਨੂੰ ਤੁਰੰਤ ਡਾਕਟਰ ਨੂੰ ਮਿਲਣ ਦੀ ਲੋੜ ਹੈ?

ਤਰਜੀਹੀ ਪ੍ਰਾਇਮਰੀ ਕੇਅਰ ਸੈਂਟਰ (PPCCs) ਅਹਿਮ ਸੱਟ ਜਾਂ ਬਿਮਾਰੀ ਵਾਲੇ ਕਿਸੇ ਵੀ ਵਿਅਕਤੀ ਲਈ ਤੁਰੰਤ ਮੁਫ਼ਤ ਇਲਾਜ ਪ੍ਰਦਾਨ ਕਰਦੇ ਹਨ।

PPCC ਦੇ ਡਾਕਟਰ ਹਸਪਤਾਲ ਦੇ ਐਮਰਜੈਂਸੀ ਵਿਭਾਗ ਨਾਲੋਂ ਜਲਦੀ ਇਲਾਜ ਕਰਨ ਵਿੱਚ ਤੁਹਾਡੀ ਮੱਦਦ ਕਰਨਗੇ।

ਉਹ ਹਲਕੀਆਂ ਲਾਗਾਂ, ਮਾਮੂਲੀ ਸੜਨ, ਮੋਚ ਜਾਂ ਸ਼ੱਕੀ ਟੁੱਟੀਆਂ ਹੱਡੀਆਂ ਵਰਗੀਆਂ ਚੀਜ਼ਾਂ ਦਾ ਇਲਾਜ ਕਰ ਸਕਦੇ ਹਨ। PPCC ਸੇਵਾਵਾਂ ਵਿੱਚ ਪੈਥੋਲੋਜੀ, ਰੇਡੀਓਲੋਜੀ ਅਤੇ ਫਾਰਮੇਸੀ ਸ਼ਾਮਲ ਹਨ।

**ਜੇਕਰ ਤੁਹਾਨੂੰ ਕੋਈ ਗੰਭੀਰ ਸੱਟ ਜਾਂ ਬਿਮਾਰੀ ਹੈ, ਤਾਂ ਟ੍ਰਿਪਲ ਜ਼ੀਰੋ (000) ਨੂੰ ਫ਼ੋਨ ਕਰੋ। ਜੇ ਤੁਹਾਨੂੰ ਤੁਰੰਤ ਦੇਖਭਾਲ ਦੀ ਲੋੜ ਨਹੀਂ ਹੈ, ਤਾਂ ਆਪਣੇ ਆਮ ਡਾਕਟਰ ਨਾਲ ਮੁਲਾਕਾਤ ਦਾ ਪ੍ਰਬੰਧ ਕਰੋ।**

PPCC ਸੇਵਾਵਾਂ ਮੈਡੀਕੇਅਰ ਕਾਰਡ ਦੇ ਨਾਲ ਜਾਂ ਬਗ਼ੈਰ ਹਰੇਕ ਲਈ ਮੁਫ਼ਤ ਹਨ।

PPCC ਵਿੱਚ ਦੁਭਾਸ਼ੀਏ ਉਪਲਬਧ ਹਨ। ਟਰਾਂਸਲੇਟਿੰਗ ਅਤੇ ਇੰਟਰਪ੍ਰੇਟਿੰਗ ਸਰਵਿਸ TIS ਨੈਸ਼ਨਲ ਨੂੰ 131 450 'ਤੇ ਫ਼ੋਨ ਕਰੋ।

**ਸਥਾਨਾਂ ਅਤੇ ਹੋਰ ਜਾਣਕਾਰੀ ਲਈ ਬੈਟਰ ਹੈਲਥ ਚੈਨਲ 'ਤੇ ਜਾਓ:**
**betterhealth.vic.gov.au/priority-primary-care-centres**

TIS TRANSLATING AND INTERPRETING SERVICE

phn VICTORIAN-TASMANIAN ALLIANCE
An Australian Government Initiative

VICTORIA State Government